# ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ।

ਐਸ.ਸੀ.ਓ-104-106, ਸੈਕਟਰ- 34 ਏ, ਚੰਡੀਗੜ੍ਹ

## ਜਨਤਕ ਸੂਚਨਾ

1.0 ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਵੱਲੋਂ ਈ.ਟੀ.ਟੀ. ਅਧਿਆਪਕਾਂ ਦੀਆਂ 1273 ਅਸਾਮੀਆਂ ਲਈ ਵਿਗਿਆਪਨ ਮਿਤੀ: 11.10.2011 ਨੂੰ ਵੱਖ-ਵੱਖ ਅਖਬਾਰਾਂ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਸੀ। ਜਿਸ ਦੀ ਲਗਾਤਾਰਤਾ ਵਿੱਚ 128 ਈ.ਟੀ.ਟੀ+ਟੀ.ਈ.ਟੀ.-1 ਪਾਸ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕਰ ਦਿੱਤੇ ਗਏ ਸਨ।

2.0 ਜਿਨ੍ਹਾਂ ਬੀ.ਐਡ.+ਟੀ.ਈ.ਟੀ.-1 ਪਾਸ ਉਮੀਦਵਾਰਾਂ ਨੂੰ ਬਤੌਰ ਈ.ਟੀ.ਟੀ. ਅਧਿਆਪਕ ਪੇਸ਼ਕਸ ਪੱਤਰ ਜਾਰੀ ਕੀਤੇ ਜਾਣੇ ਹਨ ਉਨ੍ਹਾਂ ਦੀ ਕੈਟਾਗਿਰੀ ਵਾਈਜ਼ ਮੈਰਿਟ ਲਿਸਟ ਵਿਭਾਗ ਦੀ ਵੈੱਬਸਾਈਟ www.ssapunjab.org ਦੇ link Recruitment ਵਿੱਚ ਉਪਲਬਧ ਕਰਵਾਈ ਜਾ ਚੁੱਕੀ ਹੈ। ਇਨ੍ਹਾਂ ਉਮੀਦਵਾਰਾਂ ਨੂੰ ਬਤੌਰ ਈ.ਟੀ.ਟੀ. ਅਧਿਆਪਕ ਪੇਸ਼ਕਸ ਪੱਤਰ ਜਾਰੀ ਕਰਨ ਲਈ ਸਟੇਸ਼ਨ ਅਲਾਟ ਕੀਤੇ ਜਾਣੇ ਹਨ। ਜਿਸ ਸੰਬੰਧੀ ਸੰਬੰਧਤ ਉਮੀਦਵਾਰਾਂ ਨੂੰ ਇਸ ਵਿਗਿਆਪਨ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ **ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਫੇਜ਼ -3 ਬੀ 1, ਅਜੀਤਗੜ੍ਹ (ਮੋਹਾਲੀ)** ਵਿਖੇ ਸਟੇਸ਼ਨ ਅਲਾਟਮੈਂਟ ਲਈ ਕਾਊਂਸਲਿੰਗ ਵਿੱਚ ਹੇਠ ਲਿਖੇ ਵੇਰਵੇ ਅਨੁਸਾਰ ਹਾਜ਼ਰ ਹੋਣ।

### ਕਾਊਂਸਲਿੰਗ ਦਾ ਵੇਰਵਾ

| ਲੜੀ ਨੰ: | ਮਿਤੀ | ਸਮਾਂ | ਮੈਰਿਟ | ਵਿਸ਼ੇਸ਼ ਕਥਨ |
|---|---|---|---|---|
| 1. | 09.02.2013 (ਸ਼ਨੀਵਾਰ) | ਸਵੇਰੇ 9:00 ਵਜੇ | 69.64 ਤੋਂ 60.30 ਮੈਰਿਟ ਤੱਕ | Handicapped & All Categories |
| | | ਦੁਪਹਿਰ 2:00 ਵਜੇ | 60.28 ਤੋਂ 57.96 ਮੈਰਿਟ ਤੱਕ | All Categories |
| 2. | 10.02.2013 (ਐਤਵਾਰ) | ਸਵੇਰੇ 9:00 ਵਜੇ | 57.91 ਤੋਂ 55.98 ਮੈਰਿਟ ਤੱਕ | All Categories |
| | | ਦੁਪਹਿਰ 2:00 | 55.97 ਤੋਂ 42.30 ਮੈਰਿਟ ਤੱਕ | All Categories |

ਜ਼ਰੂਰੀ ਨੋਟ:

- **(i)** ਫਿਜ਼ਿਕਲ ਹੈਂਡੀਕਪਿਡ ਦੇ ਉਮੀਦਵਾਰਾਂ ਨੂੰ ਸਟੇਸ਼ਨ ਅਲਾਟ ਕਰਨ ਸਮੇਂ ਪਹਿਲ ਦਿੱਤੀ ਜਾਵੇਗੀ ਅਤੇ ਉਹ ਮਿਤੀ 09.02.2013 ਨੂੰ ਹੀ ਸਵੇਰੇ 9:00 ਵਜੇ ਹਾਜ਼ਰ ਹੋਣਗੇ।
- **(ii)** ਸੰਬੰਧਤ ਉਮੀਦਵਾਰ ਨਿਸ਼ਚਿਤ ਮਿਤੀ ਅਤੇ ਸਮੇਂ ਅਨੁਸਾਰ ਆਪਣਾ ਰਜਿਸਟਰੇਸ਼ਨ ਨੰਬਰ, ਆਈ.ਡੀ. ਪਰੂਫ, ਫੋਟੋ ਆਦਿ ਲੈ ਕੇ ਹਾਜ਼ਰ ਹੋਣ।
- **(iii)** ਜੇਕਰ ਕੋਈ ਉਮੀਦਵਾਰ ਕਾਊਂਸਲਿੰਗ ਵਿੱਚ ਸਮੇਂ ਸਿਰ ਹਾਜ਼ਰ ਨਹੀਂ ਹੋਵੇਗਾ ਅਤੇ ਬਾਅਦ ਵਿੱਚ ਆ ਕੇ ਕਿਸੇ ਸਟੇਸ਼ਨ ਦੀ ਮੰਗ ਕਰੇਗਾ ਜਿਹੜਾ ਕਿ ਪਹਿਲਾਂ ਕਿਸੇ ਹੋਰ ਉਮੀਦਵਾਰ ਨੂੰ ਅਲਾਟ ਕੀਤਾ ਜਾ ਚੁੱਕਿਆ ਹੋਵੇ ਤਾਂ ਅਜਿਹੇ ਲੇਟ ਆਉਣ ਵਾਲੇ ਉਮੀਦਵਾਰ ਦਾ ਇਤਰਾਜ਼ ਵਿਚਾਰਨ ਯੋਗ ਨਹੀਂ ਹੋਵੇਗਾ।
- **(iv)** ਕਾਊਂਸਲਿੰਗ ਦੌਰਾਨ ਸਿਰਫ ਉਹੀ ਉਮੀਦਵਾਰ ਹਾਜ਼ਰ ਹੋਣ ਜਿਨ੍ਹਾਂ ਦੀ ਮੈਰਿਟ ਲਿਸਟ ਵਿਭਾਗ ਦੀ ਵੈੱਬਸਾਈਟ ਤੇ ਉਪਲਬਧ ਕਰਵਾਈ ਗਈ ਹੈ।
- **(v)** ਜੇਕਰ ਕੋਈ ਉਮੀਦਵਾਰ ਕਾਊਂਸਲਿੰਗ ਸਮੇਂ ਗੈਰ-ਹਾਜ਼ਰ ਰਹਿੰਦਾ ਹੈ ਤਾਂ ਉਸ ਨੂੰ ਬਾਕੀ ਬਚੇ ਹੋਏ ਸਟੇਸ਼ਨਾਂ ਵਿੱਚੋਂ ਕੋਈ ਵੀ ਸਟੇਸ਼ਨ ਅਲਾਟ ਕੀਤਾ ਜਾ ਸਕਦਾ ਹੈ ਅਤੇ ਇਸ ਸੰਬੰਧ ਵਿੱਚ ਉਸ ਦਾ ਕੋਈ ਇਤਰਾਜ਼ ਵਿਚਾਰਨ ਯੋਗ ਨਹੀਂ ਹੋਵੇਗਾ।
- **(vi)** ਖਾਲੀ ਸਟੇਸ਼ਨਾਂ ਦੀ ਲਿਸਟ ਵਿਭਾਗ ਦੀ ਵੈੱਬਸਾਈਟ www.ssapunjab.org ਤੇ ਉਪਲਬਧ ਹੈ।

-ਸਹੀ-<br>
ਸਟੇਟ ਪ੍ਰੋਜੈਕਟ ਡਾਇਰੈਕਟਰ<br>
ਸਰਵ ਸਿੱਖਿਆ ਅਭਿਆਨ ਅਥਾਰਟੀ<br>
ਪੰਜਾਬ, ਚੰਡੀਗੜ੍ਹ